**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥੋਰਿਟੀ, ਪੰਜਾਬ**
**ਐਸ.ਸੀ.ਓ. ਨੰ : 104-106, ਦੂਜੀ ਮੰਜ਼ਿਲ, ਸੈਕਟਰ-34 ਏ, ਚੰਡੀਗੜ੍ਹ**

**ਵੱਲ**

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) (ਵੈਬ ਸਾਇਟ ਰਾਹੀਂ)
ਪੰਜਾਬ

**ਮੀਮੋ ਨੰ:ਸਸਅ/ਟੀ.ਟੀ/2011/88640**
**ਮਿਤੀ,ਚੰਡੀਗੜ:13.10.2011**

**ਵਿਸ਼ਾ:- ਸਾਲ 2011-12 ਦੇ ਸਾਇੰਸ ਵਿਸ਼ੇ ਦੇ ਰਿਸੋਰਸ ਪਰਸਨਜ਼ ਦੀ ਟ੍ਰੇਨਿੰਗ ਸਬੰਧੀ।**

**1.0** ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਮੁੱਖ ਦਫ਼ਤਰ ਵਲੋਂ ਸਾਲ 2011-12 ਦੀਆਂ ਅੱਪਰ ਪ੍ਰਾਇਮਰੀ ਅਧਿਆਪਕਾਂ ਦੀਆਂ ਵਿਸ਼ਾਵਾਰ ਟ੍ਰੇਨਿੰਗਜ਼ ਦੇ ਸਾਇੰਸ ਵਿਸ਼ੇ ਦੇ ਰਿਸੋਰਸ ਪਰਸਨਜ਼ ਦੀ ਇੱਕ ਰੋਜ਼ਾ ਟ੍ਰੇਨਿੰਗ ਮਿਤੀ:28.10.2011 ਕਰਵਾਈ ਜਾ ਰਹੀ ਹੈ।

**2.0** ਇਹ ਟ੍ਰੇਨਿੰਗ, ਪੰਜਾਬ ਸਕੂਲ ਸਿੱਖਿਆ ਬੋਰਡ,ਐਸ.ਏ.ਐਸ ਨਗਰ ਦੇ ਆਡੀਟੋਰੀਅਮ ਵਿਖੇ ਸਵੇਰੇ 9.00 ਵਜੇ ਤੋਂ ਸ਼ਾਮ 4.00 ਵਜੇ ਤੱਕ ਕਰਵਾਈ ਜਾਣੀ ਹੈ।

**3.0** ਆਪ ਵਲੋਂ ਆਪ ਦੇ ਜਿਲ੍ਹੇ ਦੇ, ਸਬੰਧਤ ਪ੍ਰਿੰਸੀਪਲ GISTC/DIET ਦੀ ਮਦਦ ਨਾਲ, ਸਾਇੰਸ ਵਿਸ਼ੇ ਦੇ ਰਿਸੋਰਸ ਪਰਸਨਜ਼ ਦੀ ਚੋਣ ਕਰਕੇ ਉਪਰੋਕਤ ਮਿਤੀ ਨੂੰ ਟ੍ਰੇਨਿੰਗ ਸਥਾਨ ਤੇ ਪੁੱਜਣ ਹਿੱਤ ਸੂਚਿਤ ਕੀਤਾ ਜਾਵੇ।

**4.0** ਰਿਸੋਰਸ ਪਰਸਨਜ਼ ਦਾ ਬਣਦਾ ਟੀ.ਏ (ਸਧਾਰਨ ਬੱਸ ਕਿਰਾਇਆ) ਅਤੇ ਡੀ.ਏ ਵਾਪਸ ਪੁੱਜਣ ਤੇ ਸਬੰਧਤ ਪ੍ਰਿੰਸੀਪਲ GISTC/DIET ਵਲੋਂ ਅਦਾ ਕੀਤਾ ਜਾਵੇਗਾ।

**5.0** ਉਪਰੋਕਤ ਟ੍ਰੇਨਿੰਗ ਤੇ ਆਉਣ ਵਾਲਾ ਸਾਰਾ ਖਰਚਾ ਐਸ.ਐਸ.ਏ ਦੇ ਨਿਯਮਾ ਅਨੁਸਾਰ ਮੱਦ (6.05) ਟੀਚਰ ਟ੍ਰੇਨਿੰਗ ਫੰਡ ਵਿੱਚੋ ਕੀਤਾ ਜਾਵੇਗਾ।

**6.0** ਟ੍ਰੇਨਿੰਗ ਦੌਰਾਨ ਰਿਸੋਰਸ ਪਰਸਨਜ਼ ਦੀ ਹਾਜ਼ਰੀ ਯਕੀਨੀ ਬਣਾਈ ਜਾਵੇ ।

**7.0** ਹੁਕਮਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ ।

**ਡਿਪਟੀ ਸਟੇਟ ਪ੍ਰਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥੋਰਿਟੀ,**
**ਪੰਜਾਬ,ਚੰਡੀਗੜ੍ਹ**

**ਪਿਠ ਅੰਕਣ ਨੰ:ਏਐਸਪੀਡੀ/ਟੀ.ਟੀ/2010-11/ ਉਕਤ ਮਿਤੀ:13.10.2011**

1. ਸਮੂਹ ਪ੍ਰਿੰਸੀਪਲ GISTCs (ਵੈਬ ਸਾਇਟ ਰਾਹੀਂ)
2. ਸਬੰਧਤ ਪ੍ਰਿੰਸੀਪਲ ਡਾਇਟ ਫਤਿਹਗੜ੍ਹ ਸਾਹਿਬ,ਮਾਨਸਾ,ਮੋਗਾ,ਮੁਕਤਸਰ,ਨਵਾਸ਼ਹਿਰ(ਵੈਬ ਸਾਇਟ ਰਾਹੀਂ)
3. ਡੀ.ਐਮ.(ਐਮ.ਆਈ ਐਸ) ਸ.ਸ.ਅ ਵੈਬ ਸਾਇਟ ਤੇ ਪਾਉਣ ਲਈ।

**ਡਿਪਟੀ ਸਟੇਟ ਪ੍ਰਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥੋਰਿਟੀ,**
**ਪੰਜਾਬ,ਚੰਡੀਗੜ੍ਹ**